## ਫੈਕਟ ਸ਼ੀਟ 05

# ਰੁਜ਼ਗਾਰ ਦੇ ਸਾਧਨ ਅਤੇ ਨਸਲੀ ਗਰੀਬੀ

### ਨਸਲੀ ਲੋਕਾਂ ਨੂੰ ਰੁਜ਼ਗਾਰ ਦੇ ਸਾਧਨਾਂ ਤੋਂ ਵਾਂਝੇ ਰੱਖਣਾ

*ਕਨੇਡਾ ਵਿੱਚ ਨਸਲੀ ਵਿਤਕਰੇ ਕਾਰਨ ਤਨਖਾਹ ਅਤੇ ਰੁਜ਼ਗਾਰ ਦਾ ਵੱਡਾ ਪਾੜਾ ਹੈ। ਨੌਕਰੀ ਅਤੇ ਤਰੱਕੀ ਵਿੱਚ ਸਿਸਟੇਮੈਟਿਕ ਰੇਸਿਜ਼ਮ* **(Systemic Racism)**, *ਅੰਤਰਰਾਸ਼ਟਰੀ ਸਰਟੀਫਿਕੇਟਾਂ ਅਤੇ ਤਜ਼ਰਬੇ ਨੂੰ ਨਾ ਮੰਨ ਕੇ ਪ੍ਰਵਾਸੀਆਂ ਦੀ ਡੀ-ਸਕਿਲਿੰਗ* **(de-skilling)***ਅਤੇ ਬਿਨੈਕਾਰਾਂ ਨਾਲ ਵਿਤਕਰਾ ਕਰਨ ਲਈ ਪੁਲਿਸ ਰਿਕਾਰਡ ਜਾਂਚ ਦੀ ਵਰਤੋਂ ਵਰਗੇ ਤੱਥ ਇਸ ਪਾੜੇ ਨੂੰ ਹੋਰ ਵੀ ਡੂੰਘਾ ਅਤੇ ਵਿਆਪਕ ਬਣਾ ਰਹੇ ਹਨ ।*



*ਰੰਗਾਂ ਦੇ ਵਰਕਰਾਂ ਅਤੇ ਪ੍ਰਵਾਸੀ ਮਜ਼ਦੂਰਾਂ 'ਤੇ ਗ਼ੈਰ-ਵਾਜਬ ਪ੍ਰਭਾਵ ਪਾਉਣ ਵਾਲੇ ਮਸਲਿਆਂ ਜਿਵੇਂ ਕਿ ਰੋਜ਼ਗਾਰ ਦੇ ਮਿਆਰਾਂ ਦੀ ਉਲੰਘਣਾ ਕਰਨ ਵਾਲੇ ਮਾਲਕ, ਤਨਖਾਹ ਵਿੱਚ ਕਟੌਤੀ ਜਾਂ ਨਾ ਮਿਲਣਾ, ਨੌਕਰੀ ਜਾਣ ਦਾ ਡਰ ਅਤੇ ਕਮਿਊਨਿਟੀ ਵਿਚੋਂ ਬੇਦਖਲੀ ਆਦਿ ਨੂੰ ਹੱਲ ਕਰਨ ਬਾਰੇ ਸਰਕਾਰ ਕੋਲ ਯੋਜਨਾ ਨਹੀਂ ਹੈ*

**ਜਾਤੀਗਤ ਬੇਰੁਜ਼ਗਾਰੀ (Racialized Unemployment):** ਓਨਟਾਰੀਓ ਵਿੱਚ ਰਹਿਣ ਵਾਲੇ ਰੰਗਾਂ ਦੇ ਲੋਕਾਂ ਵਿੱਚ ਵ੍ਹਾਈਟ (White) ਵਸਨੀਕਾਂ ਨਾਲੋਂ ਬੇਰੁਜ਼ਗਾਰੀ ਦੀ ਦਰ ਵਧੇਰੇ ਹੈ ।ਨਸਲੀਵਾਦੀ ਮਰਦਾਂ ਵਿੱਚ ਗੈਰ-ਜਾਤੀਗਤ ਮਰਦਾਂ ਨਾਲੋਂ ਬੇਰੁਜ਼ਗਾਰ ਹੋਣ ਦੀ ਸੰਭਾਵਨਾ 24% ਵਧੇਰੇ ਹੈ। ਜਾਤੀਗਤ ਔਰਤਾਂ ਗ਼ੈਰ-ਜਾਤੀਗਤ ਮਰਦਾਂ ਨਾਲੋਂ 43% ਵਧੇਰੇ ਬੇਰੁਜ਼ਗਾਰ ਹੋਣ ਦੀ ਸੰਭਾਵਨਾ ਹੈ।

**ਪ੍ਰਵਾਸੀ ਕਾਮੇ (Migrant Workers):** ਕੈਨੇਡਾ ਵਿਚ ਅਸਥਾਈ ਪ੍ਰਵਾਸੀ ਮਜ਼ਦੂਰਾਂ ਦੀ ਗਿਣਤੀ 2000 ਤੋਂ ਬਾਅਦ ਚਾਰ ਗੁਣਾ ਵਧੀ ਹੈ। ਸਾਲ 2018 ਤਕ ਦੇਸ਼ ਵਿਚ 429,340 ਅਸਥਾਈ ਕਰਮਚਾਰੀ (temporary status workers) ਸਨ। ਅਸਥਾਈ ਮਾਈਗ੍ਰੇਸ਼ਨ ਦੀਆਂ ਘੱਟ ਤਨਖਾਹ ‘ਤੇ ਕੰਮ ਕਰਨ ਵਾਲੇ ਗਲੋਬਲ ਦੱਖਣ ਤੋਂ ਆਏ ਕਾਮੇ ਸ਼ੋਸ਼ਣ ਅਤੇ ਦੁਰਵਿਵਹਾਰ ਦੇ ਲਈ ਵਧੇਰੇ ਤੌਰ ਤੇ ਸੰਵੇਦਨਸ਼ੀਲ ਹਨ ।

**ਨਸਲਵਾਦ (Racism):** ਓਨਟਾਰੀਓ ਵਿੱਚ ਪ੍ਰਵਾਸੀ ਖੇਤੀਬਾੜੀ ਕਰਦੇ ਕਾਮੇ, ਜਿਨ੍ਹਾਂ ਵਿੱਚੋਂ ਬਹੁਤੇ ਮੈਕਸੀਕਨ ਅਤੇ ਕੈਰੇਬੀਅਨ ਹਨ, ਨੂੰ ਬਹੁਤ ਘੱਟ ਕਾਨੂੰਨੀ ਸੁਰੱਖਿਆ ਮਿਲੀ ਹੈ। ਇੱਕ ਅਧਿਐਨ ਵਿੱਚ ਪਾਇਆ ਗਿਆ ਕਿ ਪ੍ਰਵਾਸੀ ਖੇਤ ਮਜ਼ਦੂਰਾਂ ਦਾ 75% ਯੂਐਸ ਨਾਲੋਂ ਕਨੇਡਾ ਵਿੱਚ ਵਧੇਰੇ ਨਸਲਵਾਦ ਦਾ ਅਨੁਭਵ ਕਰਦਾ ਹੈ।

**ਕੰਮ (Work):** ਜਾਤੀਗਤ ਲੋਕ ਅਤੇ ਪ੍ਰਵਾਸੀ ਪਾਰਟ-ਟਾਈਮ ਅਤੇ ਘੱਟ ਤਨਖਾਹ ਅਤੇ ਲਾਭ ਵਾਲੇ ਅਸੁਰੱਖਿਅਤ ਤੇ ਅਨਿਸ਼ਚਿਤ (Precarious) ਪੇਸ਼ਿਆਂ ਵਿੱਚ ਵਧੇਰੇ ਨੁਮਾਇੰਦਗੀ ਕਰਦੇ ਹਨ ।

## ਇੰਡੀਜੀਨਸ ਫੈਕਸ

- ਸਾਲ 2015 ਵਿੱਚ ਬਹੁਤੇ "ਨਾਲਜ ਆਕੂਪੇਸ਼ਨਜ਼ (knowledge occupations)" ਜਿਵੇਂ ਕਿ ਪੇਸ਼ੇਵਰਾਨਾ, ਪ੍ਰਬੰਧਕੀ ਅਤੇ ਤਕਨੀਕੀ ਕਿੱਤਿਆਂ ਵਿੱਚ ਇੰਡੀਜੀਨੱਸ ਲੋਕਾਂ ਦੀ ਗਿਣਤੀ ਬਹੁਤ ਘੱਟ ਸੀ। ਇਸ ਵਿੱਚ ਉਹ ਕਿੱਤੇ ਸ਼ਾਮਲ ਹਨ ਜਿਨ੍ਹਾਂ ਲਈ ਸੈਕੰਡਰੀ ਤੋਂ ਬਾਅਦ ਦੀ ਪੜ੍ਹਾਈ ਦੀ ਜਰੂਰਤ ਹੈ। ਉਹਨਾਂ ਦੀ ਨਾਨ-ਇੰਡੀਜੀਨੱਸ ਲੋਕਾਂ ਦੇ ਮੁਕਾਬਲੇ ਪ੍ਰਬੰਧਨ ਜਾਂ ਕਾਰੋਬਾਰ (7.1% ਬਨਾਮ 9.5%), ਵਿੱਤ ਅਤੇ ਪ੍ਰਸ਼ਾਸਨ (14.4% ਬਨਾਮ 17.0%) ਵਰਗੇ ਕਿੱਤਿਆਂ ਵਿਚ ਕੰਮ ਕਰਨ ਦੀ ਸੰਭਾਵਨਾ ਘੱਟ ਹੈ।
- ਸਾਲ 2018 ਦੀ ਹੈਲਥ ਰਿਪੋਰਟ ਮੁਤਾਬਿਕ ਓਨਟਾਰੀਓ ਦੇ ਲੀਕੋ (LICO) ਰੇਖਾ ਤੋਂ ਹੇਠਾਂ ਰਹਿਣ ਵਾਲੇ ਨਾਨ-ਇੰਡੀਜੀਨੱਸ ਲੋਕਾਂ ਦੇ 63% ਮੁਕਾਬਲੇ 87% ਇੰਡੀਜੀਨੱਸ ਬੇਰੁਜ਼ਗਾਰ ਸਨ।
- 2015 ਵਿੱਚ ਫੁੱਲ ਟਾਈਮ ਕੰਮ ਕਰਨ ਵਾਲੇ ਇੰਡੀਜੀਨੱਸ ਕਰਮਚਾਰੀਆਂ ਦਾ ਔਸਤਨ ਮਿਹਨਤਾਨਾ 26 ਡਾਲਰ ਪ੍ਰਤੀ ਘੰਟਾ ਸੀ ਜਦਕਿ ਉਸੇ ਸਾਲ ਨਾਨ-ਇੰਡੀਜੀਨੱਸ ਕਰਮਚਾਰੀਆਂ ਨੇ ਔਸਤਨ 27.41 ਡਾਲਰ ਕਮਾਏ।

*"ਮੇਰੀ ਨੌਕਰੀ ਖੋਹ ਲਈ ਗਈ, ਮੈਂ ਭੁੱਖਾ ਹਾਂ, ਮੈਨੂੰ ਆਪਣੇ ਬੱਚਿਆਂ ਲਈ ਪੈਸਿਆਂ ਦੀ ਜ਼ਰੂਰਤ ਹੈ ... ਮੈਨੂੰ ਕੁਝ ਸਮਝ ਨਹੀਂ ਆ ਰਿਹਾ । ਜੋ ਫਾਰਮ (ਕਲੇਮ) ਉਨ੍ਹਾਂ ਨੇ ਦਿੱਤਾ ਸੀ, ਇਹ ਬਹੁਤ ਗੁੰਝਲਦਾਰ ਹੈ... ਜਾਂਚ ਨੂੰ ਅੱਠ ਮਹੀਨੇ ਲੱਗੇ।*

*-ਹਸਨ, 7000 ਡਾਲਰ ਦੀ ਤਨਖਾਹ ਦਾ ਦਾਅਵਾ ਹਾਰਨ ਤੋਂ ਬਾਅਦ।"*



*1987 ਤੋਂ 1992 ਤੱਕ 5 ਸਾਲਾਂ ਦੀ ਮਿਆਦ ਦੇ ਦੌਰਾਨ, ਸਭ ਤੋਂ ਘੱਟ ਆਮਦਨੀ ਵਾਲੇ 72% ਲੋਕਾਂ ਦਾ ਹੇਠਲਾ 10 ਫੀਸਦ ਆਪਣੀ ਆਮਦਨ ਵਧਾਉਣ ਵਿੱਚ ਕਾਮਯਾਬ ਰਿਹਾ। ਪਰੰਤੂ 2007- 2012 ਤੱਕ ਇਹ ਪ੍ਰਤੀਸ਼ਤ ਘਟ ਕੇ 60 ਰਹਿ ਗਈ ।*

## ਧਿਆਨ ਦੇਣਯੋਗ ਤੱਥ

- ਕਲਰ ਕੋਡ ਵਾਲੇ ਕੈਨੇਡੀਅਨਾਂ ਤੋਂ ਭਾਵ ਉਹਨਾਂ ਲੋਕਾਂ ਤੋਂ ਹੈ ਜਿਨ੍ਹਾਂ ਦਾ ਪਿਛੋਕੜ ਯੂਰਪ ਤੋਂ ਨਹੀਂ ਹੈ। ਫਿਰ ਭਾਵੇਂ ਉਹਨਾਂ ਦਾ ਜਨਮ ਕੈਨੇਡਾ ਜਾਂ ਕਿਸੇ ਵੀ ਹੋਰ ਗੈਰ ਯੂਰਪੀਅਨ ਦੇਸ਼ ਵਿੱਚ ਹੋਇਆ ਹੋਵੇ।
- ਇੰਡੀਜੀਨੱਸ ਲੋਕਾਂ ਤੋਂ ਭਾਵ ਉਹਨਾਂ ਲੋਕਾਂ ਤੋਂ ਹੈ ਜਿਹਨਾਂ ਨੂੰ ਫਰਸਟ ਨੇਸ਼ਨਲਜ਼ (First Nationals), ਇਨਯੂਟ (Inuit), ਅਤੇ ਮੈਟਿਸ (Métis) ਸਮਝਿਆ ਜਾਂਦਾ ਹੈ।
- ਟੋਰਾਂਟੋ ਵਿਚ, ਗਰੀਬੀ ਵਿਚ ਰਹਿਣ ਵਾਲੇ ਸਾਰੇ ਵਿਅਕਤੀਆਂ ਦਾ 62% ਜਾਤੀਗਤ ਸਮੂਹਾਂ ਨਾਲ ਸੰਬੰਧ ਰੱਖਦੇ ਹਨ।
- ਕੈਨੇਡਾ ਦੇ 52% ਗਰੀਬ ਜਾਤੀਗਤ ਲੋਕ ਓਨਟਾਰੀਓ ਵਿੱਚ ਰਹਿੰਦੇ ਹਨ ।
- ਉਹ ਪਰਿਵਾਰ ਜੋ ਕਨੇਡਾ ਦੀ ਲੋ ਇਨਕਮ ਕਟ-ਆਫ (LICO) ਜਾਂ ਲੋ ਇਨਕਮ ਮੈਜ਼ਰ (LIM) ਤੋਂ ਹੇਠਾਂ ਆਉਂਦੇ ਹਨ ਉਹ ਕਿਸੇ ਆਮ ਪਰਿਵਾਰ ਦੇ ਮੁਕਾਬਲੇ ਆਪਣੀ ਆਮਦਨੀ ਦਾ ਬਹੁਤ ਵੱਡਾ ਹਿੱਸਾ ਭੋਜਨ ਅਤੇ ਪਨਾਹ ਵਰਗੀਆਂ ਬੁਨਿਆਦੀ ਜ਼ਰੂਰਤਾਂ 'ਤੇ ਖਰਚ ਕਰਦੇ ਹਨ । ਇਹ ਕਿਸੇ ਖਿੱਤੇ ਦੇ ਲੋਕਾਂ ਵਿੱਚ ਗਰੀਬੀ ਨੂੰ ਮਾਪਣ ਦਾ ਪੈਮਾਨਾ ਹੈ।
- ਸਿਸਟੇਮੈਟਿਕ ਰੇਸਿਜ਼ਮ (Systematic Racism) ਅਕਸਰ ਨੀਤੀਆਂ, ਅਭਿਆਸਾਂ ਅਤੇ ਸਕੀਮਾਂ ਵਿੱਚ ਕੀਤੇ ਗਏ ਪੱਖਪਾਤ ਕਰਕੇ ਹੁੰਦਾ ਹੈ ਜੋ ਕਿਸੇ ਗਰੁੱਪ ਨੂੰ ਫਾਇਦਾ ਜਾਂ ਨੁਕਸਾਨ ਪਹੁੰਚਾਉਣ ਦੇ ਮਕਸਦ ਨਾਲ ਸ਼ੁਰੂ ਹੁੰਦਾ ਹੈ।

**ਪ੍ਰਮਾਣੀਕਰਣ (Credentials):** ਪ੍ਰਵਾਸੀਆਂ ਦੇ ਸਰਟੀਫਿਕੇਟਾਂ ਅਤੇ ਕੰਮ ਦੇ ਤਜਰਬੇ ਨੂੰ ਅਕਸਰ ਘਟੀਆ ਜਾਂ ਘੱਟ ਸਮਝਿਆ ਜਾਂਦਾ ਹੈ। ਲਗਾਤਾਰ 5 ਸਾਲਾਂ ਤੋਂ ਲੀਕੋ (LICO) ਰੇਖਾ ਦੇ ਅਧੀਨ ਆਉਂਦੇ 41 ਫੀਸਦੀ ਗਰੀਬ ਪ੍ਰਵਾਸੀਆਂ ਕੋਲ ਡਿਗਰੀਆਂ ਹਨ।

**ਨਾਮ (Name):** ਕਈ ਅਧਿਐਨਾਂ ਨੇ ਦਿਖਾਇਆ ਹੈ ਕਿ ਮਾਲਕ ਬਿਨੈਕਾਰਾਂ ਕੋਲ ਬਰਾਬਰ ਦੀ ਸਿੱਖਿਆ ਅਤੇ ਤਜਰਬਾ ਹੁਣ ਦੇ ਬਾਵਜੂਦ ਅਫਰੀਕੀ, ਏਸ਼ੀਅਨ ਜਾਂ ਮੁਸਲਿਮ ਨਾਵਾਂ ਵਾਲੇ ਨੌਕਰੀ ਦੇ ਬਿਨੈਕਾਰਾਂ ਨਾਲ ਵਿਤਕਰਾ ਕਰਦੇ ਹਨ। ਇਸੇ ਤਰ੍ਹਾਂ ਦਾ ਪੱਖਪਾਤ ਕਿਸੇ ਦੀ ਰਿਹਾਇਸ਼ ਦੇ ਪਤੇ ਕਰਕੇ ਵੀ ਕੀਤਾ ਜਾਂਦਾ ਹੈ।

**ਪੁਲੀਸਿੰਗ (Policing):** ਨੌਕਰੀ ਸਮੇਂ ਮਾਲਕਾਂ ਦੁਆਰਾ ਪੁਲਿਸ ਰਿਕਾਰਡ ਦੀ ਜਾਂਚ ਦਾ ਇਸਤੇਮਾਲ ਇੰਡੀਜੀਨੱਸ ਗਰੁੱਪਾਂ, ਕਾਲੇ ਅਤੇ ਕਲਰ ਦੇ ਲੋਕਾਂ ਨੂੰ ਲੇਬਰ ਮਾਰਕੀਟ ਤੋਂ ਬਾਹਰ ਕਰਨ ਲਈ ਕੀਤਾ ਜਾਂਦਾ ਹੈ।

**ਵਿਤਕਰਾ (Discrimination):** ਕਈ ਅਧਿਐਨ ਦਰਸਾਉਂਦੇ ਹਨ ਕਿ ਮਜ਼ਦੂਰਾਂ ਵਿੱਚ ਪੱਖਪਾਤ, ਵੱਧ ਬੇਰੁਜ਼ਗਾਰੀ ਦੀਆਂ ਦਰਾਂ, ਵਧੇਰੇ ਅਸੁਰੱਖਿਅਤ / ਅਨਿਸ਼ਚਿਤ ਰੁਜ਼ਗਾਰ ਅਤੇ ਘੱਟ ਤਨਖਾਹ ਵਰਗੇ ਕਾਰਕ ਜਾਤੀਗਤ ਪਰਿਵਾਰਾਂ ਵਿੱਚ ਵਧ ਰਹੀ ਗਰੀਬੀ ਦਾ ਵੱਡਾ ਕਾਰਣ ਹਨ ।



*ਪ੍ਰਵਾਸੀ ਮਜ਼ਦੂਰ ਜੋ ਨੌਕਰੀ ਤੇ ਜ਼ਖਮੀ ਹੋ ਜਾਂਦੇ ਹਨ ਉਹਨਾਂ ਨੂੰ ਨਿਯਮਤ ਤੌਰ ਤੇ ਉਹਨਾਂ ਦੇ ਮੂਲ ਦੇਸ਼ਾਂ ਵਿੱਚ ਵਾਪਸ ਭੇਜਿਆ ਜਾਂਦਾ ਹੈ ਜਿਸ ਕਾਰਨ ਉਹ ਲੋੜੀਂਦੇ ਇਲਾਜ ਤੋਂ ਵਾਂਝੇ ਹੋ ਜਾਂਦੇ ਹਨ। ਇਸ ਤੋਂ ਇਲਾਵਾ ਉਹਨਾਂ ਕਾਮਿਆਂ ਨੂੰ ਮੁਆਵਜ਼ਾ ਵੀ ਪ੍ਰਾਪਤ ਨਹੀਂ ਹੁੰਦਾ ਜਿਸ ਦੇ ਉਹ ਹੱਕਦਾਰ ਹਨ।*

## ਉਪਰਾਲੇ

**ਟੋਰਾਂਟੋ ਕਮਿਊਨਿਟੀ ਬੈਨੀਫਿਟਸ ਨੈਟਵਰਕ (Toronto Community Benefits Network, TCBN)** ਗ੍ਰੇਟਰ ਟੋਰਾਂਟੋ ਏਰੀਆ ਵਿਚ ਸਮਾਨਤਾ ਅਤੇ ਨਿਰਪੱਖਤਾ ਦੀ ਵਕਾਲਤ ਕਰਨ ਵਾਲੇ ਸਮੂਹਾਂ ਅਤੇ ਵਿਤਕਰੇ ਦਾ ਸ਼ਿਕਾਰ ਬੁਨਿਆਦੀ ਸੇਵਾਵਾਂ ਤੋਂ ਵਾਂਝੇ ਭਾਈਚਾਰਿਆਂ ਲਈ ਸਾਰੇ ਪਬਲਿਕ ਪ੍ਰਾਜੈਕਟਾਂ ਵਿਚ ਰੁਜ਼ਗਾਰ ਅਤੇ ਅਪ੍ਰੈਂਟਿਸਸ਼ਿਪ (apprenticeship) ਦੇ ਮੌਕਿਆਂ ਨੂੰ ਸੁਰੱਖਿਅਤ ਕਰਨ ਲਈ ਕੰਮ ਕਰਦਾ ਹੈ।

website: www.communitybeneifts.ca/

email: info@communitybeneifts.ca

**ਓਨਟਾਰੀਓ ਫੈਡਰੇਸ਼ਨ ਆਫ ਇੰਡੀਜੀਨੱਸ ਫ੍ਰੈਂਡਸ਼ਿਪ ਸੈਂਟਰਜ਼ (The Ontario Federation of Indigenous Friendship Centres)** ਇਕ ਅਜਿਹਾ ਕੇਂਦਰ ਹੈ ਜੋ ਸਭਿਆਚਾਰਕ ਕੇਂਦਰ ਵਜੋਂ ਕੰਮ ਕਰਦਿਆ ਇੰਡੀਜੀਨੱਸ ਕਮਿਊਨਿਟੀ ਮੈਂਬਰਾਂ ਨੂੰ ਰੋਜ਼ਗਾਰ ਅਤੇ ਵਿਦਿਅਕ ਟੀਚਿਆਂ, ਪਰਿਵਾਰ, ਸਿਹਤ, ਨਿਆਂ ਅਤੇ ਹੋਰ ਬਹੁਤ ਸਾਰੀਆਂ ਸੇਵਾਵਾਂ ਮੁਹੱਈਆ ਕਰਵਾਉਂਦਾ ਹੈ।

**Website:** www.ofifc.org / **email:** ofifc@ofifc.org